# ਮਾਤਾ ਗੁਜਰੀ ਕਾਲਜ

ਫਤਹਿਗੜ੍ਹ ਸਾਹਿਬ (ਪੰਜਾਬ) 140406

**ਅਟੌਨੋਮਸ ਕਾਲਜ**

(ਨੈਕ ਵੱਲੋਂ ਪੁਨਰ-ਪ੍ਰਮਾਣਿਤ 'ਏ' ਗਰੇਡ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ-ਪ੍ਰਾਪਤ

**ਦਫ਼ਤਰ ਕੰਟਰੋਲਰ(ਪ੍ਰੀਖਿਆਵਾਂ)**

ਪੱਤਰ ਨੰ.ਮ.ਗ.ਕ/25-26/167 ਮਿਤੀ:30.10.2025

## ਵਿਸ਼ੇਸ਼ ਮੌਕਾ(ਗੋਲਡਨ ਚਾਂਸ) ਪ੍ਰੀਖਿਆ ਸਬੰਧੀ ਨੋਟਿਸ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਸੰਦਰਭ ਵਿੱਚ ਪੰਜਾਬੀ ਯੂਨੀਵਰਸਿਟੀ,ਪਟਿਆਲਾ ਵੱਲੋਂ ਜਾਰੀ ਪੱਤਰ ਨੰਬਰ 179/ARE ਮਿਤੀ 28.10.2025 ਰਾਂਹੀ ਪੁਰਾਣੇ ਵਿਦਿਆਰਥੀ ਜਿਹਨਾਂ ਦੀ ਡਿਗਰੀ ਰੀਅਪੀਅਰ ਜਾਂ ਕਿਸੇ ਵਿਸ਼ੇ ਵਿੱਚ ਫੇਲ ਹੋਣ ਕਾਰਨ ਪੂਰੀ ਨਹੀਂ ਹੋ ਸਕੀ,ਉਹਨਾਂ ਲਈ ਇੱਕ ਸੁਨਹਿਰੀ ਮੌਕਾ/ਗੋਲਡਨ ਚਾਂਸ ਦਿੱਤਾ ਜਾ ਰਿਹਾ ਹੈ।ਮਾਤਾ ਗੁਜਰੀ ਕਾਲਜ ਦੇ ਪੁਰਾਣੇ ਵਿਦਿਆਰਥੀ ਵੀ ਇਸ ਮੌਕੇ ਦਾ ਲਾਭ ਲੈ ਸਕਦੇ ਹਨ। ਵਿਦਿਆਰਥੀ ਇਸ ਸਬੰਧੀ ਆਪਣੀ ਦਰਖਾਸਤ ਮਿਤੀ **17.11.2025** ਤੱਕ ਕਾਲਜ ਦੀ ਪ੍ਰੀਖਿਆ-ਸ਼ਾਖਾ ਵਿੱਚ ਦੇ ਸਕਦੇ ਹਨ।ਇਸ ਸਬੰਧੀ ਨਿਯਮ ਅਤੇ ਸ਼ਰਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੀਆ ਹੋਣਗੀਆ,ਜੋ ਕਿ ਇਸ ਨਾਲ ਨੱਥੀ ਹਨ।

ਹਰਜੀਤ ਸਿੰਘ

ਕੰਟਰੋਲਰ ਪ੍ਰੀਖਿਆਵਾਂ
ਮਾਤਾ ਗੁਜਰੀ ਕਾਲਜ
ਫਤਹਿਗੜ੍ਹ ਸਾਹਿਬ

01763-504511,504520 helpdeskexambranch@matagujricollege.org www.matagujricollege.org

Scanned with CamScanner

## ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਪ੍ਰੀਖਿਆ ਸ਼ਾਖਾ (ਜੀ.ਏ.ਦਫ਼ਤਰ)

ਨੰਬਰ.179/ARE
ਮਿਤੀ.[illegible].10.2025

ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਸੰਦਰਭ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਆਪਣੇ ਉਨ੍ਹਾਂ ਪੁਰਾਣੇ ਵਿਦਿਆਰਥੀਆਂ ਨੂੰ ਜੋ ਵਿਦਿਆਰਥੀ ਆਪਣੀ ਡਿਗਰੀ ਰੀ-ਅਪੀਅਰ ਜਾਂ ਕਿਸੇ ਵਿਸ਼ੇ ਵਿੱਚੋਂ ਫੇਲ੍ਹ ਹੋਣ ਕਾਰਨ ਪੂਰੀ ਨਹੀਂ ਕਰ ਸਕੇ ਜਾਂ ਆਪਣੇ ਨੰਬਰਾਂ/ਡਵੀਜ਼ਨ ਵਿੱਚ ਸੋਧ ਕਰਨਾ ਚਾਹੁੰਦੇ ਹਨ ਅਤੇ ਸਾਰੇ ਮੌਕੇ/ਸਾਰੇ ਕੋਰਸ ਦੀ ਸਮਾਂ ਸੀਮਾਂ ਖਤਮ ਹੋ ਚੁੱਕੀ ਹੈ, ਨੂੰ ਇੱਕ ਸੁਨਹਿਰੀ ਮੌਕਾ/ਗੋਲਡਨ ਚਾਂਸ ਦਿੱਤਾ ਜਾ ਰਿਹਾ ਹੈ।

### ਇਸ ਸੁਨਹਿਰੀ ਮੌਕਾ/ਗੋਲਡਨ ਚਾਂਸ ਲਈ ਸ਼ਰਤਾਂ:

1. ਇਸ ਗੋਲਡਨ ਚਾਂਸ ਦੀ ਫੀਸ 50,000/-ਰੁਪਏ + 3000/-ਰੁਪਏ (ਉੱਕਾ-ਪੁੱਕਾ ਪ੍ਰੀਖਿਆ ਫੀਸ) 53000/-ਰੁਪਏ ਹੋਵੇਗੀ।
2. ਇਸ ਗੋਲਡਨ ਚਾਂਸ ਲਈ ਫਾਰਮ ਭਰਨ ਦੀ ਅੰਤਿਮ ਮਿਤੀ 15 ਨਵੰਬਰ 2025 ਹੋਵੇਗੀ।
3. ਇਸ ਗੋਲਡਨ ਚਾਂਸ ਲਈ Odd Semesters (1,3,5...) ਦੇ ਵਿਸ਼ਿਆਂ ਦੇ ਪੇਪਰ ਦਸੰਬਰ-2025 ਵਿੱਚ ਅਤੇ Even Semesters (2,4,6...) ਦੇ ਵਿਸ਼ਿਆਂ ਦੇ ਪੇਪਰ ਮਈ-2026 ਵਿੱਚ ਕਰਵਾਏ ਜਾਣਗੇ।
4. ਗੋਲਡਨ ਚਾਂਸ ਲਈ ਵਿਦਿਆਰਥੀ ਇੱਕ ਕੋਰਸ ਦੇ ਵੱਧ ਤੋਂ ਵੱਧ 3 ਵਿਸ਼ਿਆਂ ਦੇ ਪੇਪਰ ਹੀ ਦੇ ਸਕੇਗਾ। ਇਹ ਤਿੰਨ ਪੇਪਰ ਕਿਸੇ ਕੋਰਸ ਦੇ ਵੱਖ-ਵੱਖ ਸਮੈਸਟਰਾਂ/ਪਾਰਟਾਂ ਵਿੱਚੋਂ ਵੀ ਹੋ ਸਕਦੇ ਹਨ। ਇਕ ਕੋਰਸ ਦੇ ਤਿੰਨ ਵਿਸ਼ਿਆਂ ਲਈ ਸੁਨਹਿਰੀ ਮੌਕੇ/ਗੋਲਡਨ ਚਾਂਸ ਦੀ ਫੀਸ 53000, ਬੇਸ਼ੱਕ ਤਿੰਨੋਂ ਵਿਸ਼ੇ ਇੱਕ ਸਮੈਸਟਰ/ਪਾਰਟ ਜਾਂ ਵੱਖ-ਵੱਖ ਸਮੈਸਟਰਾਂ/ਪਾਰਟਾਂ ਵਿੱਚੋਂ ਹੋਣ। ਕਿਸੇ ਵੀ ਵਿਸ਼ੇ ਦੇ ਏ, ਬੀ, ਅਤੇ ਸੀ ਪਾਰਟ ਨੂੰ ਇੱਕ ਪੇਪਰ ਹੀ ਮੰਨਿਆ ਜਾਵੇਗਾ।
5. ਇਹ ਸੁਨਹਿਰੀ ਮੌਕਾ/ਗੋਲਡਨ ਚਾਂਸ ਮਈ-2011 ਜਾਂ ਇਸ ਤੋਂ ਬਾਅਦ ਦੇ ਸੈਸ਼ਨ ਦੇ ਸਿਰਫ਼ ਸਮੈਸਟਰ ਪ੍ਰਣਾਲੀ ਤਹਿਤ ਆਉਂਦੇ ਕੋਰਸਾਂ ਲਈ ਦਿੱਤਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਪੇਪਰ December-2025 ਅਤੇ May-2026 ਪ੍ਰੀਖਿਆ ਸੈਸ਼ਨਾਂ ਦੌਰਾਨ Odd ਅਤੇ Even ਪ੍ਰਕਿਰਿਆ ਮੁਤਾਬਿਕ ਲਏ ਜਾਣਗੇ। ਇਹ ਪੇਪਰ ਮੌਜੂਦਾ ਸਿਲੇਬਸ ਅਨੁਸਾਰ ਹੀ ਹੋਣਗੇ।
6. ਇਹ ਸੁਨਹਿਰੀ ਮੌਕਾ/ਗੋਲਡਨ ਚਾਂਸ ਉਹਨਾਂ ਵਿਦਿਆਰਥੀਆਂ ਲਈ ਹੀ ਉਪਲਬਧ ਹੋਵੇਗਾ ਜਿਹਨਾਂ ਵਿਦਿਆਰਥੀਆਂ ਦੇ ਸਾਰੇ ਵਿਸ਼ੇ ਮੌਕੇ ਖਤਮ ਹੋ ਚੁੱਕੇ ਹਨ ਅਤੇ ਕੋਰਸ ਦੀ ਸਮਾਂ ਸੀਮਾਂ ਵੀ ਖਤਮ ਹੋ ਚੁੱਕੀ ਹੈ।
7. ਇਹਨਾਂ ਇਮਤਿਹਾਨਾਂ ਲਈ ਪ੍ਰੀਖਿਆ ਕੇਂਦਰ ਸਿਰਫ਼ ਪਟਿਆਲਾ ਵਿਖੇ ਹੀ ਹੋਵੇਗਾ।
8. ਇਹ ਚਾਂਸ ਕੇਵਲ ਥਿਊਰੀ ਵਿਸ਼ਿਆਂ ਲਈ ਹੀ ਉਪਲੱਬਧ ਹੋਵੇਗਾ। ਪ੍ਰੈਕਟੀਕਲ ਪ੍ਰੀਖਿਆ ਲਈ ਇਹ ਮੌਕਾ ਉਪਲੱਬਧ ਨਹੀਂ ਹੋਵੇਗਾ। ਇੰਟਰਨਲ ਪ੍ਰੀਖਿਆਵਾਂ ਵਿਚੋਂ ਫੇਲ ਵਿਦਿਆਰਥੀਆਂ ਲਈ ਇਹ ਮੌਕਾ ਉਪਲੱਬਧ ਨਹੀਂ ਹੋਵੇਗਾ।
9. ਇਹ ਚਾਂਸ ਐਮ.ਫਿਲ/ ਪੀ.ਐਚ.ਡੀ ਦੇ ਕੋਰਸ ਵਰਕ ਦੀਆਂ Qualifying ਪ੍ਰੀਖਿਆਵਾਂ ਲਈ ਨਹੀਂ ਹੋਵੇਗਾ।
10. ਪ੍ਰੀਖਿਆ ਫਾਰਮ ਆਨ ਲਾਈਨ ਭਰਨਾ ਹੋਵੇਗਾ, ਜੋ ਕਿ ਯੂਨੀਵਰਸਿਟੀ ਵੈਬਸਾਈਟ https://pupexamination.ac.in ਤੇ ਉਪਲੱਬਧ ਹੋਵੇਗਾ।
11. ਸੁਨਹਿਰੀ ਮੌਕੇ/ਗੋਲਡਨ ਚਾਂਸ ਲਈ ਪ੍ਰੀਖਿਆ ਫਾਰਮ ਭਰਨ ਅਤੇ ਫੀਸ ਭਰਨ ਲਈ ਸ਼ਡਿਊਲ https://ds19pupexamination.ac.in ਵੈਬਸਾਈਟ ਤੇ ਉਪਲਬਧ ਹੋਵੇਗਾ।
12. ਇੱਕ ਵਾਰ ਭਰੀ ਹੋਈ ਫੀਸ ਕਿਸੇ ਵੀ ਹਾਲਤ ਵਿੱਚ ਰਿਫੰਡ ਨਹੀਂ ਹੋਵੇਗੀ।
13. ਪੇਪਰ ਕਰਵਾਉਣ ਜਾਂ ਨਾ ਕਰਵਾਉਣ ਦਾ ਅੰਤਮ ਫੈਸਲਾ ਯੂਨੀਵਰਸਿਟੀ ਪਾਸ ਸੁਰੱਖਿਅਤ ਹੋਵੇਗਾ।

ਕਿਸੇ ਕਿਸਮ ਦੀ ਔਕੜ ਆਉਣ ਜਾਂ ਕਿਸੇ ਹੋਰ ਜਾਣਕਾਰੀ ਲਈ ਸੁਪਰਡੈਂਟ ਸ੍ਰੀ ਸਾਹਿਬ ਸਿੰਘ (9781299715), ਸੁਪਰਡੈਂਟ ਸ੍ਰੀ ਮਤੀ ਰਾਜ ਕੌਰ (9357804139) ਅਤੇ ਜਨਰਲ ਸਹਾਇਕ (ਪ੍ਰੀ.) ਸ੍ਰੀ ਭੁਪਿੰਦਰ ਸਿੰਘ ਢਿੱਲੋਂ (9814126833) ਨਾਲ ਕੰਮ ਕਾਜੀ ਦਿਨਾਂ ਦੌਰਾਨ ਕੇਵਲ ਦਫ਼ਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

ਕੰਟਰੋਲਰ (ਪ੍ਰੀਖਿਆਵਾਂ)

Scanned with CamScanner